# ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ

ਵੱਲ,

1) ਸਮੂਹ ਉਪ ਆਬਕਾਰੀ ਤੇ ਕਰ ਕਮਿਸ਼ਨਰ,
ਮੰਡਲਾਂ ਦੇ ਮੁੱਖੀ, ਪੰਜਾਬ ਰਾਜ ਵਿੱਚ

2) ਸਮੂਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ,
ਜਿਲ੍ਹਿਆਂ ਦੇ ਮੁੱਖੀ, ਪੰਜਾਬ ਰਾਜ ਵਿੱਚ

ਨੰ: ਅ-1-2020/2850-2882 ਮਿਤੀ: 05 ਮਈ, 2020

**ਵਿਸ਼ਾ:** **ਸਾਲ 2020-21 ਦੇ ਰਿਟੇਲ ਲਸੰਸੀਆਂ (ਐਲ-2/ਐਲ-14ਏ) ਲਈ ਸ਼ਰਾਬ ਦੇ ਵੈਂਡ ਖੋਲਣ ਸਬੰਧੀ।**

ਯਾਦ ਪੱਤਰ

ਭਾਰਤ ਸਰਕਾਰ, ਗ੍ਰਹਿ ਮੰਤਰਾਲਾ, ਨਵੀਂ ਦਿੱਲੀ ਨੇ ਆਪਣੇ ਹੁਕਮ (ਲਾਕਡਾਊਨ ਗਾਈਡ ਲਾਈਨਜ) ਮਿਤੀ 01-05-2020 ਰਾਹੀਂ ਪੂਰੇ ਦੇਸ਼ ਵਿੱਚ ਮਿਤੀ: 04-05-2020 ਤੋਂ ਸ਼ਰਾਬ ਦੇ ਲਿਕੁਅਰ ਵੈਂਡਸ ਖੋਲਣ ਦੀ ਇਜਾਜਤ ਦੇ ਦਿੱਤੀ ਹੈ। ਇਸਦੇ ਮੱਦੇ ਨਜਰ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਮਿਤੀ 07-05-2020 ਤੋਂ ਲਿਕੁਅਰ ਵੈਂਡਜ ਖੋਲਣ ਦਾ ਫੈਸਲਾ ਕੀਤਾ ਹੈ। ਇਸ ਅਨੁਸਾਰ ਕੇਵਲ ਉਨ੍ਹਾਂ ਥਾਵਾਂ ਨੂੰ ਛੱਡਕੇ, ਜਿਥੇ ਜਿਲਾ ਮੈਜਿਸਟ੍ਰੇਟ ਵੱਲੋਂ ਜਾਂ ਭਾਰਤ ਸਰਕਾਰ ਦੀ ਗਾਈਡਲਾਈਨਜ ਵਿੱਚ ਦੁਕਾਨਾਂ ਖੋਲਣ ਤੇ ਪਾਬੰਦੀ ਹੋਵੇ, ਤੋਂ ਇਲਾਵਾ ਸਾਰੇ ਲਿਕੁਅਰ ਵੈਂਡ ਖੋਲੇ ਜਾਣਗੇ। ਇਸ ਸਬੰਧ ਵਿੱਚ ਜਿਲਿਆਂ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਤਾਲਮੇਲ ਰੱਖਣਗੇ।

ਸਾਲ 2019-20 ਦੇ ਲਸੰਸੀ, ਜਿਨ੍ਹਾਂ ਨੇ ਸਾਲ 2020-21 ਲਈ ਆਪਣੇ ਲਸੰਸ ਰਿਨਿਊ ਕਰਵਾਏ ਹਨ ਅਤੇ ਜਿਹੜੇ ਗਰੁੱਪ ਨਵੇਂ ਸਿਰਿਊ ਸਾਲ 2020-21 ਲਈ ਅਲਾਟ ਕੀਤੇ ਗਏ ਹਨ, ਨੂੰ ਮਿਤੀ 7-5-2020 ਤੋਂ ਲਿਕੁਅਰ ਵੈਂਡਸ ਖੋਲਣ ਦੀ ਹੇਠ ਲਿਖੀਆਂ ਸ਼ਰਤਾਂ ਤੇ ਇਜਾਜਤ ਹੋਵੇਗੀ:-

1. ਸਾਲ 2019-20 ਦੇ ਜਿਨ੍ਹਾਂ ਲਸੰਸੀਆਂ ਨੇ ਸਾਲ 2020-21 ਲਈ ਲਸੰਸ ਰਿਨਿਊ ਕਰਵਾਉਣ ਦੀ ਆਪਸ਼ਨ ਦਿੱਤੀ ਹੈ ਅਤੇ ਮਿਤੀ 23-3-2020 ਤੱਕ ਬਣਦੀਆਂ ਸਾਰੀਆਂ ਫੀਸਾਂ ਜਮ੍ਹਾਂ ਕਰਵਾ ਦਿੱਤੀਆਂ ਹਨ, ਨੂੰ ਆਰਜੀ ਤੌਰ ਤੇ ਰਿਟੇਲ ਵੈਂਡ ਚਲਾਉਣ ਦੀ ਇਜਾਜਤ ਦੇ ਦਿੱਤੀ ਜਾਵੇ। ਜਿਨ੍ਹਾਂ ਲਸੰਸੀਆਂ ਨੇ ਰਿਨਿਊਅਲ ਦੀ ਆਪਸ਼ਨ ਦਿੱਤੀ ਹੈ, ਪ੍ਰੰਤੂ ਮਿਤੀ 23-3-2020 ਤੱਕ ਦੀ ਦੇਣਦਾਰੀ ਬਕਾਇਆ ਹੈ, ਉਨ੍ਹਾਂ ਨੂੰ ਵੀ ਲਿਕੁਅਰ ਵੈਂਡ ਚਲਾਉਣ ਦੀ ਆਰਜੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਵੇ ਕਿ ਉਹ ਰਿਟੇਲ ਵੈਂਡ ਖੋਲਣ ਦੇ 2 ਦਿਨਾਂ ਵਿੱਚ 23-3-2020 ਤੱਕ ਦੀਆਂ ਦੇਣਦਾਰੀਆਂ ਦਾ ਭੁਗਤਾਨ ਕਰ ਦੇਣਗੇ।

W. Bhadoo.

babushahi Network

Scanned with CamScanner

2. ਨਵੇਂ ਅਲਾਟ ਹੋਏ ਗਰੁੱਪਾਂ ਲਈ ਜਿਥੇ ਫਿਕਸਡ ਲਾਇਸੰਸ ਫੀਸ ਦਾ 50% ਹਿੱਸਾ ਜਮ੍ਹਾਂ ਹੋ ਚੁੱਕਿਆ ਹੈ, ਨੂੰ ਵੀ ਲਿਕੁਅਰ ਵੈਂਡ ਖੋਲਣ ਦੀ ਆਰਜੀ ਤੌਰ ਤੇ ਇਜਾਜਤ ਦਿੱਤੀ ਜਾਵੇ। ਅਜਿਹੇ ਗਰੁੱਪ ਜਿਥੇ ਫਿਕਸਡ ਲਾਇਸੰਸ ਫੀਸ ਦਾ 50% ਹਿੱਸਾ ਪੂਰਾ ਜਮ੍ਹਾਂ ਨਹੀਂ ਕੀਤਾ ਗਿਆ ਹੈ, ਲਿਕੁਅਰ ਵੈਂਡ ਖੋਲਣ ਤੋਂ ਪਹਿਲਾਂ ਬਾਕੀ ਦੀ ਰਕਮ ਜਮ੍ਹਾਂ ਕਰਵਾਉਣੀ ਲਾਜਮੀ ਹੋਵੇਗੀ।

3. ਰਿਨਿਉਅਲ ਅਤੇ ਨਵੇਂ ਅਲਾਟਮੇਂਟ ਦੇ ਕੇਸਾਂ ਵਿੱਚ ਮਿਤੀ 23-3-2020 ਤੋਂ ਬਾਅਦ ਜਿਹੜੀ ਦੇਣਦਾਰੀ ਡਿਊ ਸੀ, ਉਸ ਲਈ ਮਿਤੀਆਂ ਸਰਕਾਰ ਦੀ ਪ੍ਰਵਾਨਗੀ ਉਪਰੰਤ ਆਪ ਨੂੰ ਵੱਖਰੇ ਤੌਰ ਤੇ ਭੇਜ ਦਿੱਤੀਆਂ ਜਾਣਗੀਆਂ।

4. ਇਸ ਸਮੇਂ ਕੋਵਿਡ-19 ਮਹਾਂਮਾਰੀ ਕਾਰਨ ਦੇਸ਼ ਵਿੱਚ ਲਾਕਡਾਊਨ ਹੈ ਅਤੇ ਪੰਜਾਬ ਵਿੱਚ ਕਰਫਿਊ ਵੀ ਲੱਗਿਆ ਹੋਇਆ ਹੈ। ਇਸ ਸਬੰਧੀ ਜੋ ਵੀ ਹਦਾਇਤਾਂ ਭਾਰਤ ਸਰਕਾਰ ਵੱਲੋਂ, ਰਾਜ ਸਰਕਾਰ ਵੱਲੋਂ ਅਤੇ ਜਿਲ੍ਹਾ ਪ੍ਰਸ਼ਾਸਨ ਵਲੋਂ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਪਾਲਣਾ ਲਸੰਸੀ ਦੁਆਰਾ ਯਕੀਨੀ ਬਣਾਈ ਜਾਵੇਗੀ। ਖਾਸ ਤੌਰ ਤੇ :-

ੳ) ਲਸੰਸੀ ਆਪਣੀ ਦੁਕਾਨ ਵਿੱਚ, ਆਪਣੇ ਮੁਲਾਜਮ੍ਹਾਂ ਦਰਮਿਆਨ social distancing ਸਰਕਾਰ ਦੀਆਂ ਹਦਾਇਤਾਂ ਮੁਤਾਬਕ (2 ਗਜ ਦੀ ਦੂਰੀ) ਸੁਨਿਸ਼ਚਿਤ ਕਰਨਗੇ।

ਅ) ਦੁਕਾਨ ਦੇ ਬਾਹਰ ਪੰਜ ਤੋਂ ਜਿਆਦਾ ਵਿਅਕਤੀ ਇੱਕ ਸਮੇਂ ਤੇ ਨਹੀਂ ਹੋਣਗੇ।

ੲ) ਗ੍ਰਾਹਕਾਂ ਦਰਮਿਆਨ ਸੋਸ਼ਲ ਡਿਸਟੈਂਸਿੰਗ ਲਈ ਜਮੀਨ ਤੇ ਨਿਸ਼ਾਨ ਲਗਾਏ ਜਾਣਗੇ।

ਸ) ਆਪਣੇ ਵੈਂਡ ਉੱਤੇ ਸੈਨੇਟਾਈਜਰ ਅਤੇ ਹੋਰ ਸੈਨੇਟਾਈਜਿੰਗ ਦੇ ਪ੍ਰਬੰਧ, ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਹੋਣ, ਨੂੰ ਰੱਖਣਾ ਯਕੀਨੀ ਬਣਾਉਣਗੇ।

ਹ) ਰਿਟੇਲ ਵੈਂਡ ਕੇਵਲ ਉਨ੍ਹੇ ਸਮੇਂ ਲਈ ਹੀ ਖੋਲੇ ਜਾਣਗੇ ਜਿਨ੍ਹੇ ਸਮੇਂ ਲਈ ਜਿਲਾ ਪ੍ਰਸ਼ਾਸਨ ਕਰਫਿਊ ਵਿੱਚ ਢਿੱਲ ਦੇਵੇਗਾ।

ਕ) ਜੇਕਰ ਉਪਰੋਕਤ ਗਾਈਡਲਾਈਨਜ ਅਤੇ ਜਿਲ੍ਹਾ ਪ੍ਰਸ਼ਾਸਨ ਜਾਂ ਸਮਰੱਥ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਗਾਈਡਲਾਈਨਾਂ ਵਿੱਚ ਕੋਈ ਵਿਸੰਗਤੀ ਸਾਹਮਣੇ ਆਉਂਦੀ ਹੈ ਤਾਂ ਕੋਵਿਡ ਸਬੰਧੀ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਦੀਆਂ ਗਾਈਡਲਾਈਨਜ ਪ੍ਰਭਾਵੀ ਹੋਣਗੀਆਂ।

5. ਪੰਜਾਬ ਆਬਕਾਰੀ ਐਕਟ, 1914 ਅਤੇ ਆਬਕਾਰੀ ਰੂਲਾਂ/ਆਰਡਰਾਂ ਵਿੱਚ ਸ਼ਰਾਬ ਦੀ ਹੋਮ ਡਿਲੀਵਰੀ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਹੈ। ਪ੍ਰੰਤੂ ਕੋਵਿਡ-19 ਕਾਰਨ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ social distancing ਕਾਇਮ ਰੱਖਣੀ ਲਾਜ਼ਮੀ ਹੈ। ਇਸ ਲਈ ਲਾਕਡਾਊਨਦੇ ਸਮੇਂ ਦੌਰਾਨ ਲਸੰਸੀਆਂ ਨੂੰ ਸ਼ਰਾਬ ਦੀ home delivery ਕਰਨ ਦੀ ਆਗਿਆ ਦਿੱਤੀ ਗਈ ਹੈ। ਲਸੰਸੀ ਵੱਲੋਂ Punjab Medium Liquor ਦੀ home delivery ਕਰਨ

D. Bhandari

babushahi Network

Scanned with CamScanner

ਦੀ ਆਗਿਆ ਨ੍ਹੀ ਹੋਵੇਗੀ। ਸ਼ਰਾਬ ਦੀ ਹੋਮ ਡਿਲੀਵਰੀ ਕਰਨ ਸਬੰਧੀ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:-

ੳ) ਸ਼ਰਾਬ ਦੀ ਹੋਮ ਡਿਲੀਵਰੀ ਕਰਨ ਲਈ ਇੱਕ ਗਰੁੱਪ ਵਿੱਚ ਕੇਵਲ 2 ਵਿਅਕਤੀਆਂ ਨੂੰ ਹੀ ਸ਼ਰਾਬ ਦੀ ਹੋਮ ਡਿਲੀਵਰੀ ਕਰਨ ਲਈ ਅਧਿਕਾਰਤ ਕੀਤਾ ਜਾਵੇਗਾ। ਜਿਹੜਾ ਵਿਅਕਤੀ ਹੋਮ ਡਿਲੀਵਰੀ ਕਰਨ ਲਈ ਅਧਿਕਾਰਤ ਹੋਵੇਗਾ ਉਸ ਕੋਲ ਵਿਭਾਗ ਵੱਲੋਂ ਜਾਰੀ ਕੀਤਾ ਪਹਿਚਾਣ ਪੱਤਰ ਹੋਣਾ ਜਰੂਰੀ ਹੋਵੇਗਾ। ਜੇਕਰ ਕਰਫਿਊ ਲੱਗਿਆ ਹੋਵੇ ਤਾਂ ਕਰਫਿਊ ਪਾਸ ਵੀ ਲਾਜਮੀ ਹੋਵੇਗਾ।

ਅ) ਹੋਮ ਡਿਲੀਵਰੀ ਵਾਸਤੇ ਅਧਿਕਾਰਤ ਵਿਅਕਤੀ ਕੇਵਲ ਉਸੇ ਵਿਹੀਕਲ ਦਾ ਇਸਤੇਮਾਲ ਕਰ ਸਕੇਗਾ ਜਿਸ ਸਬੰਧੀ ਲਸੰਸੀ ਵੱਲੋਂ ਜਿਲ੍ਹੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਤੋਂ ਪੂਰਵ ਪ੍ਰਵਾਨਗੀ ਪ੍ਰਾਪਤ ਕੀਤੀ ਹੋਵੇਗੀ। ਕਰਫਿਊ ਦੌਰਾਨ ਗੱਡੀ ਦਾ ਕਰਫਿਊ ਪਾਸ ਵੀ ਬਣਿਆ ਹੋਣਾ ਜਰੂਰੀ ਹੋਵੇਗਾ।

ੲ) ਹੋਮ ਡਿਲੀਵਰੀ ਦੀ ਪ੍ਰਤੀਦਿਨ ਸਮੇਂ ਸੀਮਾ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਜਿਲ੍ਹੇ ਦੇ ਸਬੰਧਤ ਡਿਪਟੀ ਕਮਿਸ਼ਨਰ ਨਾਲ ਤਾਲਮੇਲ ਕਰਕੇ ਤੈਅ ਕਰਨਗੇ।

ਸ) ਹੋਮ ਡਿਲੀਵਰੀ ਕਰਨ ਵੇਲੇ ਅਧਿਕਾਰਤ ਵਿਅਕਤੀ ਕੋਲ ਹਰ ਸਮੇਂ ਉਸ ਕੋਲ ਮੌਜੂਦਾ ਸ਼ਰਾਬ ਦਾ ਕੈਸ਼ ਮੀਮੋ ਹੋਣਾ ਲਾਜਮੀ ਹੋਵੇਗਾ। ਸ਼ਰਾਬ ਦੀ ਹੋਮ ਡਿਲੀਵਰੀ ਕਰਨ ਵੇਲੇ ਇੱਕ ਆਰਡਰ ਤੇ 2 ਲਿਟਰ ਤੋਂ ਵੱਧ ਸਪਲਾਈ ਨਹੀਂ ਕੀਤੀ ਜਾਵੇਗੀ। Punjab Intoxicant License and Sales order 1956 ਦੇ ਆਰਡਰ 17 ਅਨੁਸਾਰ ਲਸੰਸੀ ਵੱਲੋਂ ਕੁਝ ਵਿਅਕਤੀਆਂ ਨੂੰ ਸ਼ਰਾਬ ਵੇਚਣ ਦੀ ਮਨਾਹੀ ਹੈ। ਹੋਮ ਡਿਲਵਰੀ ਵਿੱਚ ਵੀ ਇਸ ਆਰਡਰ ਤਹਿਤ ਉਪਬੰਧ ਲਾਗੂ ਰਹਿਣਗੇ।

ਹ) ਹੋਮ ਡਿਲੀਵਰੀ ਦੀ ਸੁਵਿਧਾ ਕੇਵਲਕਰਫਿਊ/ਲੋਕਡਾਊਨ ਦੌਰਾਨ ਹੀ ਰਹੇਗੀ, ਜਦੋਂਕਿ ਸ਼ਰਾਬ ਦੀਆਂ ਦੁਕਾਨਾਂ ਪੂਰੇ ਸਮੇਂ ਲਈ ਨਹੀਂ ਖੁਲਦੀਆਂ ਹਨ। ਕਿਉਂਕਿ ਹੋਮ ਡਿਲੀਵਰੀ ਦੀ ਵਿਵਸਥਾ ਲੋਕਡਾਊਨ ਦੌਰਾਨ ਸੋਸ਼ਲ ਡਿਸਟੈਸਿੰਗ ਨੂੰ ਕਾਇਮ ਰੱਖਣ ਲਈ ਆਰਜੀ ਤੌਰ ਤੇ ਦਿੱਤੀ ਜਾ ਰਹੀ ਹੈ, ਇਸ ਲਈ ਵਿਸਤ੍ਰਿਤ ਹਦਾਇਤਾਂ ਨਹੀਂ ਜਾਰੀ ਕੀਤੀਆਂ ਜਾ ਰਹੀਆਂ ਹਨ। ਸਥਾਨਿਕ ਹਾਲਾਤ ਨੂੰ ਮੱਦੇ ਨਜਰ ਰੱਖਦੇ ਹੋਏ ਸਬੰਧਤ ਜਿਲਿਆਂ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਆਪਣੇ ਜਿਲੇ ਦੇ ਡਿਪਟੀ ਕਮਿਸ਼ਨਰਾਂ ਨਾਲ ਤਾਲਮੇਲ ਕਰਕੇ ਇਸ ਸਬੰਧੀ ਹਦਾਇਤਾਂ ਆਪਣੇ ਜਿਲੇ ਲਈ ਜਾਰੀ ਕਰਨਗੇ।

**6.** ਵਿੱਤੀ ਸਾਲ 2019-20 ਦੇ ਲਸੰਸੀਆਂ ਦੇ ਕਰਫਿਊ/ਲਾਕਡਾਊਨ ਕਾਰਨ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਲਈ ਮੁੱਦਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਲਈ ਇਹ ਜਰੂਰੀ ਹੋਵੇਗਾ ਕਿ 2019-20 ਦੇ ਬਚੇ ਹੋਏ ਸਟਾਕ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇ। ਲਸੰਸੀ ਕੇਵਲ ਉਨੇ ਹੀ ਬਚੇ ਹੋਏ ਸਟਾਕ ਦੇ ਇਵਜ ਵਿੱਚ ਰਾਹਤ ਲੈ ਸਕੇਗਾ, ਜਿਸਦੀ ਮਹਿਕਮੇ ਦੇ ਸਮਰੱਥ ਅਧਿਕਾਰੀ ਵੱਲੋਂ ਫਿਜੀਕਲ ਵੈਰੀਫਿਕੇਸ਼ਨ ਕੀਤੀ ਗਈ ਹੋਵੇ।

babushahi Network

Scanned with CamScanner

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਸਾਰੇ ਲਸੰਸੀਆਂ ਨੂੰ ਵੀ ਇਸਦੀ ਸੂਚਨਾ ਦਿੱਤੀ ਜਾਵੇ।

N. Bhinder
(ਨਵਦੀਪ ਭਿੰਡਰ)
ਵਧੀਕ ਆਬਕਾਰੀ ਤੇ ਕਰ ਕਮਿਸ਼ਨਰ(ਆਬ)
ਵਾਸਤੇ ਅਬਕਾਰੀ ਤੇ ਕਰ ਕਮਿਸ਼ਨਰ, ਪੰਜਾਬ

ਨੰ:ਅ-1/2020/2883-2904 ਮਿਤੀ : 5 ਮਈ, 2020

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਮੂਹ ਜਿਲਿਆਂ ਦੇ ਡਿਪਟੀ ਕਮਿਸ਼ਨਰ-ਕਮ-ਜਿਲਾ ਮੈਜਿਸਟ੍ਰੇਟਾਂ ਨੂੰ ਉਨ੍ਹਾਂ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

N. Bhinder
(ਨਵਦੀਪ ਭਿੰਡਰ)
ਵਧੀਕ ਆਬਕਾਰੀ ਤੇ ਕਰ ਕਮਿਸ਼ਨਰ(ਆਬ)
ਵਾਸਤੇ ਅਬਕਾਰੀ ਤੇ ਕਰ ਕਮਿਸ਼ਨਰ, ਪੰਜਾਬ

ਕਾਪੀ ਟੂ:

1) ਉਪ ਆਬਕਾਰੀ ਤੇ ਕਰ ਕਮਿਸ਼ਨਰ(ਡੀ), ਪੰਜਾਬ
2) ਓ.ਐਸ.ਡੀ ਟੂ.ਅ.ਕ.ਕ, ਪੰਜਾਬ।

babushahi Network

Scanned with CamScanner